Bedfordshire
Fire and Rescue Service

Bedfordshire
Fire and Rescue Service

Bedfordshire
Fire and Rescue Service

# ਦੇਖਭਾਲਕਰਤਾਵਾਂ ਲਈ ਜਾਣਕਾਰੀ

ਤੁਸੀਂ ਸੇਵਾ ਦੇ ਲਈ ਖੁਦ ਲਈ ਹਵਾਲਾ ਦੇ ਸਕਦੇ ਹੋ, ਜੇਕਰ:

- ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਰਹਿੰਦੇ ਹੋ ਜਿਸਨੂੰ ਡਿਮੈਂਸ਼ੀਆ (ਦਿਮਾਗ ਦਾ ਹਿੱਲ ਜਾਣਾ) ਨਾਲ ਤਸ਼ਖ਼ੀਸ ਕੀਤਾ ਗਿਆ
- ਤੁਹਾਡੀ ਉਮਰ 65 ਸਾਲ ਤੋਂ ਜ਼ਿਆਦਾ ਹੈ ਅਤੇ ਕਿਸੇ ਅਜਿਹੇ ਵਿਅਕਤੀ ਨਾਲ ਰਹਿੰਦੇ ਹੋ ਜਿਸ ਦੀ ਡਿਮੈਂਸ਼ੀਆ ਲਈ ਤਸ਼ਖ਼ੀਸ ਨਹੀਂ ਕੀਤੀ ਗਈ ਹੈ, ਪਰ ਉਹ ਆਪਣੀ ਯਾਦਾਸ਼ਤ ਪ੍ਰਤੀ ਚਿੰਤਤ ਹੈ

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਬਾਰੇ ਚਿੰਤਤ ਹੋ ਜੋ ਆਪਣੀ ਯਾਦਾਸ਼ਤ ਪ੍ਰਤੀ ਚਿੰਤਤ ਹੈ, ਤਾਂ ਤੁਹਾਨੂੰ ਉਨ੍ਹਾਂ ਨੂੰ ਜੀ ਪੀ (GP) ਕੋਲ ਜਾਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਜੀ ਪੀ (GP) ਨਾਲ ਮਿਲਾਉਣ ਲਈ ਲੈ ਜਾਓ

# ਮੈਂ ਸੇਵਾਵਾਂ ਤੱਕ ਪਹੁੰਚ ਕਿਸ ਤਰ੍ਹਾਂ ਕਰਾਂ?

- ਜੇ ਤੁਹਾਨੂੰ ਡਿਮੈਂਸ਼ੀਆ ਨਾਲ ਤਸ਼ਖ਼ੀਸ ਕੀਤਾ ਗਿਆ ਹੈ ਤਾਂ ਕਿਸੇ ਵੀ ਸਿਹਤ, ਸਮਾਜਕ ਦੇਖਭਾਲ ਅਦਾਰੇ ਜਾਂ ਸਵੈਸੇਵੀ ਸੰਗਠਨ ਦੇ ਅਮਲੇ ਦੇ ਮੈਂਬਰ ਦੁਆਰਾ ਤੁਹਾਡੀ ਹਵਾਲਗੀ ਦਿੱਤੀ ਜਾ ਸਕਦੀ ਹੈ, ਉਨ੍ਹਾਂ ਨੂੰ ਬੱਸ ਇਹ ਪਰਚਾ ਦਿਖਾਓ
- ਡਿਮੈਂਸ਼ੀਆ ਨਾਲ ਤਸ਼ਖੀਸ਼ ਕੀਤਾ ਗਿਆ ਕੋਈ ਵੀ ਵਿਅਕਤੀ 01234-xxxxxx ਤੇ ਕਾੱਲ ਕਰਕੇ ਖੁਦ ਲਈ ਹਵਾਲਗੀ ਦੇ ਸਕਦਾ ਹੈ
- ਜੇ ਤੁਸੀਂ ਯਾਦਾਸ਼ਤ ਬਾਰੇ ਚਿੰਤਤ ਹੋ ਪਰ ਤੁਹਾਨੂੰ ਡਿਮੈਂਸ਼ੀਆ ਨਾਲ ਤਸ਼ਖ਼ੀਸ ਨਹੀਂ ਕੀਤਾ ਗਿਆ ਹੈ ਤਾਂ ਤੁਸੀਂ 01234 – xxxxxx ਤੇ ਕਾੱਲ ਕਰਕੇ ਖੁਦ ਲਈ ਹਵਾਲਗੀ ਦੇ ਸਕਦੇ ਹੋ

**ਕੇਵਲ ਪੇਸ਼ੇਵਰ ਵਿਅਕਤੀਆਂ ਵਾਸਤੇ:**

ਕੋਈ ਹਵਾਲਗੀ ਦੇਣ ਲਈ ਜਾਂ ਹਵਾਲਗੀ ਫਾਰਮ ਲਈ ਬੇਨਤੀ ਕਰਨ ਲਈ ਈਮੇਲ ਭੇਜੋ safeandwell@bedsfire.com

# ਡਿਮੈਂਸ਼ੀਆ

## "ਸੁਰੱਖਿਆ ਪਹਿਲਾਂ"

## ਬੈਡਫੋਰਡ ਬਰੋ ਦੇ ਰਿਹਾਇਸ਼ੀਆਂ ਲਈ

## ਡਿਮੈਂਸ਼ੀਆ ਨਾਲ ਪ੍ਰਭਾਵਿਤ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜ਼ਿਆਦਾ ਸੁਰੱਖਿਆ ਨਾਲ ਰਹਿਣ ਵਿਚ ਮਦਦ ਕਰਦਿਆਂ

BEDFORD
BOROUGH COUNCIL

BEDFORD
BOROUGH COUNCIL

Bedfordshire
Fire and Rescue Service

## ਇਹ ਸੇਵਾ ਕਿਉਂ ਪ੍ਰਦਾਨ ਕੀਤੀ ਜਾਂਦੀ ਹੈ?

- ਡਿਮੈਂਸ਼ੀਆ ਜਾਂ ਯਾਦਾਸ਼ਤ ਦੀਆਂ ਸਮੱਸਿਆਵਾਂ ਨਾਲ ਗ੍ਰਸਤ ਲੋਕ ਘਰ ਦੇ ਵਿਚ ਅੱਗ ਲੱਗਣ ਦੀ ਘਟਨਾ ਤੋਂ ਸੱਟ ਲੱਗਣ ਦੇ ਜ਼ੋਖਮ ਵਾਲੇ ਸਭ ਤੋਂ ਵੱਧ ਸੰਭਾਵਨਾ ਵਾਲੇ ਸਮੂਹ ਵਿਚ ਹੁੰਦੇ ਹਨ।
- ਡਿੱਗਣ ਜਾਂ ਥਿੜਕਣ ਤੋਂ ਲੱਗਣ ਵਾਲੀ ਸੱਟ ਦੇ ਜ਼ੋਖਮ ਨੂੰ ਘਟਾਉਣ ਲਈ। ਹਰ ਸਾਲ, ਬਹੁਤ ਸਾਰੇ ਲੋਕਾਂ ਨੂੰ ਡਿੱਗਣ ਜਾਂ ਥਿੜਕਣ ਦੇ ਕਾਰਨ ਲੱਗੀ ਸੱਟ ਦੇ ਲਈ ਹਸਪਤਾਲ ਵਿਚ ਦਾਖਲ ਕੀਤਾ ਜਾਂਦਾ ਹੈ।
- ਡਿਮੈਂਸ਼ੀਆ ਵਾਲੇ ਲੋਕਾਂ ਦੇ ਦੇਖਭਾਲਕਰਤਾਵਾਂ ਨੂੰ ਘਰ ਵਿਚ ਮੌਜੂਦ ਸੰਭਾਵਤ ਖਤਰਿਆਂ ਨੂੰ ਪਛਾਣਨ ਅਤੇ ਉਨ੍ਹਾਂ ਨਾਲ ਸਿੱਝਣ ਵਿਚ ਮਦਦ ਕਰਨ ਲਈ

## ਇਹ ਸੇਵਾ ਕੀ ਪੇਸ਼ਕਸ਼ ਕਰਦੀ ਹੈ?

- ਘਰ ਦੀ ਅੱਗ ਤੋਂ ਸੁਰੱਖਿਆ ਸਬੰਧੀ ਮੁਲਾਂਕਣ ਅਤੇ ਧੂੰਏਂ ਦੇ ਅਲਾਰਮਾਂ ਸਮੇਤ, ਤੁਹਾਨੂੰ ਸੁਰੱਖਿਅਤ ਰੱਖਣ ਵਾਲੇ ਉਪਕਰਣਾਂ ਦਾ ਮੁਫ਼ਤ ਵਿਚ ਪ੍ਰਾਵਧਾਨ
- ਇਹ ਤੁਹਾਨੂੰ ਇਸ ਬਾਰੇ ਯੋਜਨਾ ਬਣਾਉਣ ਵਿਚ ਮਦਦ ਕਰਦਾ ਹੈ ਕਿ ਅੱਗ ਲੱਗਣ ਦੀ ਘਟਨਾ ਵਿਚ ਸੁਰੱਖਿਆ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾਵੇ
- ਇਕ ਵਿਅਕਤੀਗਤ ਭਲਾਈ ਸਬੰਧੀ ਜਾਂਚ ਅਤੇ ਸਰਦੀਆਂ ਵਿਚ ਖੁਦ ਨੂੰ ਸੁਰੱਖਿਅਤ ਤਰੀਕੇ ਨਾਲ ਨਿੱਘਾ ਰੱਖਣ ਦੀ ਤੁਹਾਡੀ ਸਮਰੱਥਾ ਦੀ ਜਾਂਚ
- ਖਾਣਾ ਬਣਾਉਣ, ਲੱਕੜਾਂ ਤੇ ਖਾਣਾ ਬਣਾਉਣ, ਦਰਵਾਜ਼ੇ ਦੀ ਸੁਰੱਖਿਆ ਦੇ ਮੁੱਦਿਆਂ ਤੇ ਸੁਰੱਖਿਆ ਬਾਰੇ ਸਲਾਹ
- ਹੋਰ ਸੰਗਠਨ ਜੋ ਆਪਣੇ ਘਰ ਵਿਚ ਜ਼ਿਆਦਾ ਸੁਰੱਖਿਆ ਨਾਲ ਰਹਿਣ ਅਤੇ ਘੁੰਮਣ ਫਿਰਨ ਵਿਚ ਮਦਦ ਕਰ ਸਕਦੇ ਹਨ, ਦੇ ਲਈ ਰੈਫ਼ਰਲ
- ਘਟਿਆ ਜ਼ੋਖਮ - ਵਧੀ ਸੁਰੱਖਿਆ

**ਘਰੇਲੂ ਸੁਰੱਖਿਆ ਦੀ ਸਲਾਹਕਾਰ ਸਟੇਸੀ ਧੂੰਏਂ ਦੇ ਅਲਾਰਮ ਦੇ ਮੁਫ਼ਤ ਵਿਚ ਆਪੂਰਤੀ ਕੀਤੇ ਜਾਣ ਅਤੇ ਫਿਟਿੰਗ ਕੀਤੇ ਜਾਣ ਦੇ ਹਿੱਸੇ ਵੱਜੋਂ ਇਕ ਮਕਾਨ ਮਾਲਕ ਨੂੰ ਦੱਸ ਰਹੀ ਹੈ ਕਿ ਇਹ ਕਿਵੇਂ ਕੰਮ ਕਰਦਾ ਹੈ**



## ਤਾਂ ਕੀ ਹੋਏਗਾ ਜੇਕਰ ਮੈਂ ਸਰਵਿਸ ਨਾਲ ਸੰਪਰਕ ਕਰਾਂ ਜਾਂ ਜੇ ਮੈਨੂੰ ਇਸ ਲਈ ਰੈਫ਼ਰ ਕੀਤਾ ਜਾਂਦਾ ਹੈ?

- ਇਕ ਘਰੇਲੂ ਸੁਰੱਖਿਆ ਸਲਾਹਕਾਰ ਤੁਹਾਡੇ ਘਰ ਵਿਜ਼ਿਟ ਕਰਨ ਲਈ ਮੁਲਾਕਾਤ ਨਿਰਧਾਰਤ ਕਰੇਗਾ
- ਅਸੀਂ ਤੁਹਾਡੇ ਨਾਲ ਓਨਾ ਸਮਾਂ ਬਤੀਤ ਕਰਾਂਗੇ ਜਿੰਨਾ ਸਮਾਂ ਤੁਸੀਂ ਸਮਝਦੇ ਹੋ ਕਿ ਤੁਹਾਡੀ ਹਾਲਤ ਅਤੇ ਤੁਹਾਡੇ ਆਲੇ-ਦੁਆਲੇ ਨੂੰ ਸਮਝਣ ਲਈ ਸਾਡੇ ਲਈ ਮਦਦਗਾਰ ਹੋਏਗਾ
- ਅਸੀਂ ਤੁਹਾਡੇ ਤੋਂ ਕੁਝ ਨਿੱਜੀ ਵੇਰਵੇ ਲਵਾਂਗੇ ਅਤੇ ਫਾਇਲ ਵਿਚ ਲਗਾ ਦੇਵਾਂਗੇ ਤਾਂ ਜੋ ਅਸੀਂ ਸਾਡੇ ਦੁਆਰਾ ਸੰਭਵ ਹੋ ਸਕਣ ਵਾਲੀ ਸਭ ਤੋਂ ਵਧੀਆ ਸੇਵਾ ਮੁਹੱਈਆ ਕਰਵਾ ਸਕੀਏ।
- ਅਸੀਂ ਇਸ ਜਾਣਕਾਰੀ ਨੂੰ ਆਪਣੀ ਫਾਇਲ ਵਿਚ ਰੱਖਣ ਅਤੇ ਜਿੱਥੇ ਜ਼ਰੂਰੀ ਹੋਏਗਾ ਆਪਣੇ ਭਾਗੀਦਾਰਾਂ ਨਾਲ ਇਸਨੂੰ ਸਾਂਝਾ ਕਰਨ ਲਈ ਤੁਹਾਡੀ ਆਗਿਆ ਦੀ ਮੰਗ ਕਰਾਂਗੇ। ਉਦਾਹਰਣ ਦੇ ਤੌਰ ਤੇ ਤੁਹਾਡੇ ਬਾਥਰੂਮ ਜਾਂ ਹਾਲਵੇਅ ਵਿਚ ਹੈਂਡਰੇਲ ਨੂੰ ਲਗਾਉਣ ਬਾਰੇ ਕਹਿਣਾ।
- ਅਸੀਂ ਤੁਹਾਨੂੰ ਸੁਰੱਖਿਆ ਸਬੰਧੀ ਕਿਤਾਬਚਾ ਦੇ ਕੇ ਜਾਵਾਂਗੇ ਇਸ ਵਿਚ ਸਾਡੇ ਦੁਆਰਾ ਚਰਚਾ ਕੀਤੀ ਗਈ ਬਹੁਤੀ ਜਾਣਕਾਰੀ ਸ਼ਾਮਲ ਹੈ
- ਅਸੀਂ ਤੁਹਾਡੇ ਨਾਲ ਸਤਿਕਾਰ ਨਾਲ ਵਿਹਾਰ ਕਰਾਂਗੇ ਅਤੇ ਜੇਕਰ ਸੰਚਾਰ, ਸਭਿਆਚਾਰ, ਸਿਹਤ ਅਤੇ ਭੌਤਿਕ ਸਮੱਸਿਆਵਾ ਹੋਣ ਤਾਂ ਅਸੀਂ ਸਭ ਤੋਂ ਢੁੱਕਵੇਂ ਤਰੀਕੇ ਨਾਲ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ।
- ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਇਸ ਬਾਰੇ ਯਾਦ ਕਰਵਾਇਆ ਜਾਵੇ ਕਿ ਅਸੀਂ ਕੀ ਗੱਲ ਕੀਤੀ ਹੈ ਤਾਂ ਇਕ ਫਾਲੋਅੱਪ ਮੁਲਾਕਾਤ ਨਿਰਧਾਰਤ ਕੀਤੀ ਜਾ ਸਕਦੀ ਹੈ

BEDFORD
BOROUGH COUNCIL